ਬਾਲ ਸਤਿਗੁਰੂ

ਸ੍ਰੀ ਮਹਾਰਾਜ ਬੀਰ ਸਿੰਘ ਜੀ
ਸ੍ਰੀ ਭੈਣੀ ਸਾਹਿਬ

ਬਾਲ ਸਤਿਗੁਰੂ

ਸ੍ਰੀ ਮਹਾਰਾਜ ਬੀਰ ਸਿੰਘ ਜੀ
ਸ੍ਰੀ ਭੈਣੀ ਸਾਹਿਬ

ਅਠਵੀਂ ਪਾਤਸ਼ਾਹੀ ਸ੍ਰੀ ਗੁਰੁ ਹਰਿ ਕ੍ਰਿਸ਼ਨ ਜੀ ਦਾ ਮੰਗਲ ਕਰਦੇ ਹੋਏ ਸਤਿਗੁਰੁ ਬਿਲਾਸ ਵਿਚ ਸੰਤ ਧਿਆਨ ਸਿੰਘ ਜੀ ਕਾਦਿਰਾ ਬਾਲ ਵਾਲੇ ਲਿਖਦੇ।

੧. ਬਾਲ ਸਰੂਪੀ ਬਾਲ ਪਤਿ ਸਭਹਨ ਪਰ ਕਿਰਪਾਲ।

੨. ਹਰੇ ਕ੍ਰਿਸ਼ਨ ਜੀ ਹਰੇ ਕ੍ਰਿਸ਼ਨ ਪਰਾ ਭਾਲ।

ਅਰਥ:-੧. ਬਾਲ ਸਰੂਪੀ -ਬਾਲਕ ਸਰੂਪ ਸਤਿਗੁਰੂ। ਬਾਲ ਪਤਿ-ਪ੍ਰਮੇਸ਼ਵਰ ਕੂਲ। ਬਾਲ -ਮਾਇਆ। ਮਾਇਆ ਦਰੌਪਤੀ, ਪ੍ਰਮੇਸ਼ਵਰ ਰੂਪ। ਉਹ ਸਬਹਨ -ਆਪਣੇ, ਬਿਗਾਨੇ, ਮਿਤ੍ਰ, ਵੈਰੀ ਤੇ ਕਿਰਪਾ ਕਰਨ ਵਾਲੇ ਹਨ।

ਅਰਥ:-੨. ਹਰੇ ਕ੍ਰਿਸ਼ਨ -ਮਨ ਦੀ ਕਾਲਖ (ਅਗਿਆਨ ਅਵਸਥਾ) ਨਾਸ ਅਤੇ, ਜੀਅ ਹਰੇ -ਮਨ ਨੂੰ ਹਰਿਆ (ਪ੍ਰਫੁਲਤ) ਕਰ ਦਿੰਦੇ ਹਨ, ਹੇ ਜੀਵ ਜੇ ਤੂੰ ਹਰਿ ਕ੍ਰਿਸ਼ਨ ਜੀ ਦੇ ਪਗ -ਚਰਨਾਂ ਤੇ ਅਪਣਾਂ ਭਾਲ -ਮੱਥਾ ਸਪਰਸ਼ ਕਰੇਂ। ਸ੍ਰੀ ਗੁਰੁ ਹਰਿ ਕ੍ਰਿਸ਼ਨ ਜੀ ਦਾ ਅਵਤਾਰ ਕੀਰਤਪੁਰ, ਸ੍ਰੀ ਗੁਰੂ ਹਰਿ ਰਾਇ ਜੀ (ਸਤਵੇਂ ਪਾਤਸ਼ਾਹ) ਦੇ ਘਰ ੮ ਸਾਵਣ ਸੰਮਤ ੧੭੧੩ ਨੂੰ ਹੋਇਆ। ਆਪ ਦੀ ਭਾਵੇਂ ਅਵਸਥਾ ਬਾਲ ਸੀ, ਪਰ ਸਰੀ ਹਰਿ ਰਾਇ ਜੀ ਦੀ ਪ੍ਰਸੰਨਤਾ ਐਸੀ ਹੋਈ ਕਿ ਆਪ ਜੀ ਨੂੰ ੫ ਸਾਲ ਦੀ ਉਮਰ ਵਿਚ ਗੁਰਗੱਦੀ ਦੀ ਸੌਂਪਣਾ ਕੀਤੀ ਗਈ।

ਇਤਿਹਾਸ ਵਾਚਣ ਤੋਨ ਇਹ ਜਾਣਕਾਰੀ ਮਿਲਦੀ ਹੈ ਕਿ ਸਤਿਗੁਰੂ ਦੀ ਸ਼ਕਤੀ ਦਾ ਦੇਹ ਦੀ ਉਮਰ ਨਾਲ ਕੋਈ ਸੰਬਧ ਨਹੀਂ। ਇਕ ਜੋਗੀ ਜਿਸ ਨੇ ਵਰ ਲਿਆ ਹੋਇਆ ਸੀ ਕਿ ਜੇ ਮੇਰਾ (ਜੋਗੀ ਦਾ) ਉਸ ਨੂੰ ਸਵਰਗ ਦੀ ਪ੍ਰਾਪਤੀ

ਹੋਵੇ। ਗੜ੍ਹ ਸ਼ੰਕਰ ਨਿਵਾਸੀ ਭਾਈ ਤਿਲਕਾ (ਇਸ ਦਾ ਨਾਮ ਤਿਲਕ ਭੀ ਲਿਖਿਆ ਹੈ) ਗੁਰੁ ਅਰਜਨ ਦੇਵ ਦਾ ਅਨੰਨ ਸਿੱਖ ਸੀ। ਓਸ ਤੋਂ ਬਿਨਾ ਸਾਰਾ ਸ਼ਹਿਰ ਜੋਗੀ ਦਾ ਦਰਸ਼ਨ ਕਰ ਆਇਆ। ਜਦੋਂ ਜੋਗੀ ਨੂੰ ਪਤਾ ਲਗਾ ਕਿ ਗੁਰੂ ਜੀ ਦਾ ਸਿੱਖ ਉਸ ਦਾ ਦਰਸ਼ਨ ਕਰਨ ਨਹੀਂ ਆਇਆ ਤਦ ਜੋਗੀ ਆਪ ਚੱਲ ਕੇ ਸਿੱਖ ਦੇ ਪਾਸ ਗਿਆ। ਸਿੱਖ ਨੇ ਦਰਵਾਜੇ ਬੰਦ ਕਰ ਲਏ ਅਤੇ ਜੋਗੀ ਨੂੰ ਦੇਖਣ ਤੋਂ ਇਨਕਾਰ ਕਰ ਦਿੱਤਾ। ਸਿੱਖ ਦੀ ਇਹ ਦ੍ਰਿੜਤਾ ਵੇਖ ਕੇ ਕਿਹਾ ਕਿ ਤੂੰ ਮੈਨੂੰ ਆਪਣੇ ਸਤਿਗੁਰੂ ਦੇ ਦਰਸ਼ਨ ਕਰਾ। ਇਹ ਸੁਣ ਕੇ ਭਾਈ ਤਿਲਕਾ ਮੰਨ ਗਿਆ ਅਤੇ ਜੋਗੀ ਨੂੰ ਨਾਲ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਨੂੰ ਚੱਲ ਪਿਆ। ਰਸਤੇ ਵਿਚ ਜੋਗੀ ਨੇ ਪੁਛਿਆ ਕਿ ਤੇਰੇ ਗੁਰੂ ਜੀ ਦੀ ਉਮਰ ਕਿਤਨੀ ਹੈ। ਸਿਖ ਨੇ ਕਿਹਾ ਉਹ ਤਾਂ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਅਤੇ ਅਲੱਗ ਹੋਣ ਤੋਂ ਪਿਛੋਂ ਵੀ ਸਥਿਰ ਹਨ ਤਾ ਵੀ ਦੇਹ ਕਰਕੇ ਇਸ ਵੇਲੇ ਗੁਰੂ ਅਰਗਨ ਦੇਵ ਜੀ ੫੨ ਬਰਸ ਦੇ ਹਨ। ਇਹ ਸੁਣ ਕੇ ਜੋਗੀ ਨੂੰ ਫਿਰ ਅਭਿਮਾਨ ਹੋਇਆ ਕਿ ਮੈਂ ੩੫੦ ਬਰਸ ਦਾ ਉਹ ਕਲ ਦਾ ਛੋਕਰਾ ਹੈ ਮੈਂ ਉਸ ਦੇ ਪੈਰੀਂ ਪਵਾਂਗਾ ? ਅੰਤਰਜਾਮੀ ਸਤਿਗੁਰੂ ਪਹਿਲਾਂ ਹੀ ਕਨਾਤ ਲਗਵਾ ਦਿੱਤੀ। ਪਹੁੰਚਣ ਤੇ ਹੁਕਮ ਕੀਤਾ ਕਿ ਭਾਈ ਤਿਲਕਾ ਹੀ ਅੰਦਰ ਆਵੇ। ਜੋਗੀ ਬਾਹਰ ਬੈਠ ਗਿਆ। ਸਤਿਗੁਰੁ ਜੀ ਨੇ ਆਦਰੋਂ ਪੁਛਿਆ ਕਿ ਜੋਗੀ ਜੀ ਤੁਹਾਡਾ ਇਕ ਕੰਨ ਅਤੇ ਮੁੰਦ੍ਰਾ ਕਿਥੇ ਹਨ? ਇਸ ਪ੍ਰਸ਼ਨ ਤੋਂ ਜੋਗੀ ਬੜਾ ਹੈਰਾਨ ਹੋਇਆ ਕਿ ਮੈਂ ਤਾ ਅਜੇ ਇਨਾਂ ਦੇ ਸਾਮ੍ਹਣੇ ਵੀ ਨਹੀ ਹੋਇਆ ਏਨਾ ਨੂੰ ਇਹ ਕਿਵੇਂ ਪਤਾ ਲੱਗ ਗਿਆ? ਸਾਹਿਬਾਂ ਨੇ ਜੋਗੀ ਨੂੰ ਕਿਹਾ ਕਿ ਕਨਾਤ ਦੇ ਹੇਠੋਂ ਦੀ ਹੱਥ ਕਰੋ। ਹੱਥ ਕਰਨ ਤੇ ਕੰਨ ਅਤੇ ਮੁੰਦ੍ਰਾ ਹੱਥ ਉੱਤੇ ਰੱਖ ਦਿੱਤੇ ਅਤੇ ਅਤੇ ਦਸ ਦਿੱਤਾ ਕਿ ਜਦੋਂ ਤੂੰ ਸਮੁੰਦਰੀ ਜਹਾਜ ਵਿਚ ਸਫਰ ਕਰ ਰਿਹਾ ਸੈਂ ਤਾਂ ਓਥੇ ਬਲੀ ਦੇਣ ਦੀ ਲੋੜ ਪਈ ਸੀ। ਤੈਨੂੰ ਜਹਾਜ ਵਾਲਿਆਂ ਸਮੁੰਦਰ ਵਿਚ ਸੁੱਟ ਦਿੱਤਾ ਸੀ। ਤੂੰ ਸਾਨੂੰ ਆਰਾਧਿਆ ਸੀ। ਅਸੀ ਮੱਛ ਦਾ ਰੁਪ ਧਾਰ ਕੇ ਤੇਰਾ ਕੰਨ ਅਤੇ ਮੁੰਧ੍ਰਾ ਲਾ ਕੇ ਸਮੁੰਦਰ ਦੀ ਛੱਲ ਨਾਲ ਤੈਨੂੰ ਫੇਰ ਜਹਾਜ ਵਿਚ ਸੁੱਟ ਦਿੱਤਾ ਸੀ। ਇਹ ਸੁਣ ਕੇ ਜੋਗੀ ਮਸਤਾਨਾ ਹੋ ਗਿਆ ਅਤੇ ਕਨਾਤ

ਪੁੱਟ ਕੇ ਸਤਿਗੁਰੂ ਜੀ ਦੇ ਸਾਕਯਾਤ ਦਰਸ਼ਨ ਕੀਤੇ। ਇਸ ਤੋਂ ਏਹ ਸ਼ਪਸਟ ਹੋ ਜਾਂਦਾ ਹੇ ਕਿ ਸਤਿਗੁਰੂ ਦੀ ਦੇਹ ਦਾ ਉਮਰ ਨਾਲ ਸ਼ੰਬੰਧ ਨਹੀਂ। ਉਮਰ ਬਾਾਲ ਹੋਵੇ ਜਾਂ ਬ੍ਰਿਧ ਸਤਿਗੁਰੂ ਤ੍ਰਿਕਾਲਮਯ ਹੈ।

ਸ੍ਰੀ ਗੁਰੁ ਹਰਿ ਕ੍ਰਿਸ਼ਨ ਜੀ ੨ ਸਾਲ ੪ ਮਹੀਨੇ ਅਤੇ ੨੬ ਦਿਨ ਗੁਰਗੱਦੀ ਤੇ ਬਿਰਾਜਮਾਨ ਰਹੇ। ਨ ਇਤਨੇ ਥੋੜੇ ਸਮੇਂ ਵਿਚ ਆਪ ਨੇ ਜੋ ਕੌਤਕ ਕੀਤੇ ਹਨ ਉਹ ਅਦਭੁੱਤ ਹਨ। ਸਤਿਗੁਰੂ ਜੀ ਜਦੋਂ ਦਿੱਲੀ ਜਾ ਰਹੇ ਸਨ ਤਾਂ ਕੁਰਖੇਤ੍ਰ ਪੜਾ ਕੀਤਾ। ਉਥੋਂ ੨ ਪੰਡਤਾਂ ਨੇ ਪੁਛਿਆ ਕਿ ਇਹ ਡੇਰਾ ਕਿਸਦਾ ਹੈ। ਇਕ ਸਿੱਖ ਨੇ ਕਿਹਾ ਕਿ ਇਹ ਡੇਰਾ ਸ੍ਰੀ ਗੁਰੁ ਹਰਿ ਕ੍ਰਿਸ਼ਨ ਜੀ ਦਾ ਹੈ। ਇਹ ਸੁਣ ਕੇ ਪੰਡਤਾਂ ਨੇ ਕਿਹਾ ਕਿ ਇਨਾਂ ਨੂੰ ਹਰਿ ਕ੍ਰਿਸ਼ਨ ਕਹਿਣਾ ਠੀਕ ਨਹੀਂ ਕਿਉਕਿ "ਕਿਸ਼੍ਨ" ਤਾਂ ਉਹ ਸਨ ਜਿੰਨਾਂ ਨੇ ਗੀਤਾ ਉਚਾਰਨ ਕੀਤੀ ਸੀ। ਜੇ ਇਹ ਆਪਣਾ ਨਾਮ "ਹਰਿ ਕ੍ਰਿਸ਼ਨ" ਸਦਾਉਂਦੇ ਹਨ ਤਾਂ ਗੀਤਾ ਦੇ ਅਰਥ ਸੁਣਾਉਣ। ਜੇ ਅਰਥ ਨਾਂ ਕਰ ਸਕੇ ਤਾਂ ਇਹ ਨਾਮ ਝੂਠਾ ਹੈ। ਸਤਿਗੁਰੂ ਜੀ ਪਾਸ ਇਹ ਖਬਰ ਪਹੁੰਚੀ ਤਾਂ ਉਨ੍ਹਾਂ ਕਿਹਾ ਕਿ ਜੇ ਅਸੀਂ ਗੀਤਾ ਦੇ ਅਰਥ ਸੁਣਾ ਦਿੱਤੇ ਤਾਂ ਤੁਸੀਂ ਕਹੋਗੇ ਕਿ ਇਹ ਸਿੱਖੇ ਹੋਏ ਹਨ। ਤੁਸੀਂ ਮੂਰਖ ਤੋਂ ਮੂਰਖ ਪੁਰਸ਼ ਲੈ ਆਉ। ਗੀਤਾ ਕੀ ਬੇਦ ਮੰਤ੍ਰ ਦੇ ਅਰਥ ਵੀ ਸੁਣਾ ਦੇਵੇਗਾ। ਇਹ ਸੁਣ ਕੇ ਪੰਡਤ ਨੇ ਇਕ ਛੱਜੂ ਨਾਮੀ ਇਕ ਝੀਵਰ ਲੈ ਆਂਦਾ। ਉਸਦੇ ਸਿਰ ਤੇ ਸਤਿਗਜੁਰੁ ਜੀ ਨੇ ਛਟੀ ਧਰ ਦਿੱਤੀ ਤਾਂ ਉਸ ਦੇ ਕਪਾਟ ਖੁੱਲ ਗਏ। ਉਸਨੇ ਗੀਤਾ ਦਾ ਪਾਠ ਅਤੇ ਅਰਥ ਸੁਣਾਏ ਅਤੇ ਹੋਰ ਵੀ ਕਈ ਅਗਮ ਨਿਗਮ ਸੁਣਾਏ। ਜਿਸ ਤੋਂ ਪੰਡਤਾਂ ਦਾ ਅਭਿਮਾਨ ਦੂਰ ਹੋਇਆ ਅਤੇ ਸਤਿਗੁਰੂ ਜੀ ਦੇ ਚਰਨੀ ਲੱਗੇ। ਗਿਆਨੀ ਗਿਆਨ ਸਿਮਘ ਜੀ ਪੰਥ ਪ੍ਰਕਾਸ ਵਿਚ ਲਿਖਦੇ ਹਨ :-

ਝੀਵਰ ਛਜੂ ਨਾਮ ਮਹਾਂ ਖਰ।
ਦਈ ਛਟੀ ਗੁਰ ਤਿਸਕੇ ਸਿਰ ਧਰ।
ਖੁਲੇ ਕਪਾਟ ਤਾਂਹਿ ਕੇ ਤੰਬੋ।

ਗੀਤਾ ਪਾਠ ਅਰਥ ਕਰ ਸਬੈ।
ਔਰੋਂ ਆਗਮ ਨਿਗਮ ਬੰਖਾਨੇ।
ਸੁਨ ਸਬਬ ਪੰਡਤ ਭਏ ਹੈਰਾਨੇ।
ਗੁਰ ਕੇ ਪਗ ਪਰ ਨਿਜ ਸਿਰ ਧਾਰੇ।
ਗੁਰ ਕੋ ਪੂਰਨ ਬ੍ਰਹਮ ਨਿਹਾਰੇ।

(ਪੂਰਬਾਰਧ ਬਿਸ੍ਰਮ ੧੮)

ਇਸ ਤੋਂ ਉਪਰੰਤ ਸਤਿਗੁਰੂ ਜੀ ਦਿੱਲ਼ੀ ਪਹੁੰਚੇ। ਉਥੇ ਰਾਜਾ ਜੈ ਸਿੰਘ ਨੇ ਆਪਣੇ ਨਿਵਾਸ ਤੇ ਸਤਿਗੁਰੁ ਜੀ ਦਾ ਡੇਰਾ ਕਰਾਇਆ ਸੁਣਕੇ ਦਿੱਲੀ ਦੀ ਸੰਗਤ ਦਰਸਨ ਕਰਨ ਆਈ ਅਤੇ ਅਰਜ ਕੀਤੀ ਕਿ ਸ਼ਹਿਰ ਵਿਚ ਹੈਜੇ ਦੀ ਬਿਮਾਰੀ ਨਾਲ ਬਹੁਤ ਲੋਕ ਮਰ ਰਹੇ ਹਨ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਫਰਮਾਇਆ ਕਿ ਜਿਹੜਾ ਸਾਡਾ ਚਰਨਾਂਮ੍ਰਿਤ ਪੀ ਲਏਗਾ ਓਹ ਰੋਗ ਰਹਿਤ ਹੋ ਜਾਵੇਗਾ। ਜਿਨ੍ਹਾਂ ਨੇ ਚਰਨਾਮ੍ਰਿਤ ਛਕਿਆ ਉਹ ਬੱਚ ਗਏ। ਰਜਮਾ ਜੈ ਸਿੰਘ ਨੇ ਚਬੱਚੇ ਭਰਵਾ ਦਿੱਤੇ ਜਿਸ ਤੋਂ ਬਹੁਤ ਲੋਕਾਂ ਨੇ ਜਲ ਛਕਿਆ ਅਤੇ ਅਰੋਗ ਹੋਏ। ਗਿਆਨੀ ਜੀ ਨੇ ਲਿਖਿਆ ਹੈ:-

ਜੈ ਸਿੰਘ ਚਾਹਬੱਚੇ ਭਰਵਾਏ।
ਉਨ ਹੀ ਮੈਂ ਗੁਰਚਰਨ ਧੁਆਏ।
ਜਿਨੇਂ ਚਬੱਚੇ ਕਾ ਜਲ ਪੀਓ।
ਸੋਊ ਬਚਿਓ ਗੁਰੁ ਜਸ ਬਡ ਤੀਓ।

ਇਸ ਤੋਂ ਪਿਛੋਂ ਰਾਜਾ ਜੈ ਸਿੰਘ ਦੀ ਰਾਣੀ ਗੁਰੁ ਜੀ ਦੀ ਬੁੱਧੀ ਪਰਖਣ ਵਾਸਤੇ ਹੋਰ ਇਸਤਰੀਆਂ ਵਿਚ ਛੁਪਕੇ ਬੈਠ ਗਈ। ਸਤਿਗੁਰੂ ਜੀ ਉਸੇ ਦੀ ਗੋਦ ਵਿਚ ਜਾ ਬੈਠੇ। ਇਸ ਤੇ ਰਾਣੀ ਨੂੰ ਸ਼ਰਧਾ ਹੋਈ ਅਤੇ ਵਰ ਲੈ ਕੇ ਪੁਤ੍ਰਵਤੀ ਹੋਈ।

ਜਦੋਂ ਸਤਿਗੁਰੂ ਜੀ ਦੇ ਇਸ ਤਰ੍ਹਾਂ ਦੇ ਕੌਤਕ ਸ਼ਹਿਰ ਵਿਚ ਸੁਣੇ ਗਏ ਤਾਂ ਔਰੰਗਜੇਬ ਨੇ ਚਾਹਿਆ ਕਿ ਮੈਂ ਵੀ ਦਰਸ਼ਨ ਕਰਾਂ। ਇਧਰ ਇਹ ਫੈਸਲਾ ਸੀ ਕਿ ਔਰੰਗਜੇਬ ਦੇ ਮੱਥੇ ਨਹੀਂ ਲੱਗਣਾ :-

ਸੁਣ ਮਹਿਮਾ ਪੁਨ ਨੌਰੰਗ ਸ਼ਾਹੋ।
ਚਹਿਓ ਦਰਸ਼ਨ ਕਰਨ ਸਭਿਾਹੋ।
ਬਚਨ ਕਰਿਓ ਤਬ ਸਤਿਗੁਰ ਔਹੈ।
ਸੁਹਿ ਕੋ ਦਰਸ਼ਨ ਦੈਹ ਨ ਲੋਹੈ।
ਇਮ ਕਹੈ ਤਿਸ ਨਿਸ ਗੁਰ ਨਿਜ ਤਨ ਪੈ।
ਤਪ ਪ੍ਰਗਟਾਇਓ ਠੰਢੀ ਕਨ ਪੈ।

(ਪੰਥ ਪ੍ਰਕਾਸ਼)

ਗੁਰੂ ਜੀ ਨੇ ਆਪਣਾ ਨਿਯਮ ਰੱਖਣ ਵਾਸਤੇ ਇਹ ਕੌਤਕ ਕੀਤਾ ਕਿ ਸਰੀਰ ਨੂੰ ਤਾਪ ਹੋ ਗਿਆ ਓਤੇ ਮਾਤਾ ਨਿਕਲ ਪਈ ਸਰੀਰ ਦੀ ਹਾਲਤ ਵਿਗੜਦੀ ਜਾ ਰਹੀ ਸੀ ਸਤਿਗੁਰੂ ਜੀ ਦੀ ਇਹ ਅਵਸਤਾ ਜਾਣਕੇ ਕਿ ਹੁਣ ਸਰੀਰ ਨਹੀਂ ਰਹਿਣਾ। ਸੰਗਤ ਨੇ ਅਰਜ ਕੀਤੀ ਕਿ ਆਪ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਹੋ। ਪਿਛਲੇ ਗੁਰੂਆਂ ਦੀ ਇਹ ਰੀਤੀ ਚੱਲੀ ਆ ਰਹੀ ਹੈ ਕਿ ਸਰੀਰ ਤਿਆਗਣ ਤੋਨ ਪਹਿਲਾਂ ਅਗਲੇ ਗੁਰੂ ਦੇ ਸੰਗਤ ਨੂੰ ਲੜ ਲਾਉਦੇਂ ਰਹੇ ਹਨ। ਸੋ ਕਿਰਪਾ ਕਰਕੇ ਸਾਨੂੰ ਦੱਸੋ ਕਿ ਆਪ ਸਾਨੂੰ ਕਿੰਨਾਂ ਦੇ ਲੜ ਲਾਊਂਦੇ ਹੋ ? ਗੁਰੁ ਪ੍ਰਤਾਪ ਸੂਰਜ ਵਿਚ ਭਾਈ ਸ਼ੰਤੋਖ ਸਿੰਘ ਜੀ ਲਿਖਦੇ ਹਨ :-

ਸਪਤਮ ਸਤਿਗੁਰ ਸ਼੍ਰੀ ਹਰਿ ਰਾਇ।
ਸੁਤ ਤਜ ਬਢੋ ਨ ਉਚਿਤ ਲਖਾਇ।
ਤੁਮ ਕੋ ਨਿਜ ਅਸਥਾਨ ਬੈਠਾਇ।

ਸਭ ਬਿਧ ਉਚਿਤ ਜਾਨ ਹਰਖਾਇ।
ਕਿਤਕ ਮਾਸ ਜੁਗ ਸੰਮਤ ਬੀਤੇ।
ਜਬਤੇ ਜਡਤ ਗੁਰੂ ਤੁਮ ਕੀਤੇ।
ਤਬ ਕੀ ਸੰਗਤ ਸਰਬ ਸਮਾਲੀ।
ਸਿਖੀ ਰੀਤਿ ਭਲੀ ਪ੍ਰਤਿਪਾਲੀ।
ਚਹਤ ਭਏ ਅਬ ਅੰਤਰ ਧਿਆਨ।
ਨਹੀਂ ਬਿਠਾਇਣ ਕੋ ਜਿਸ ਥਾਨ।
ਅਬ ਸੰਗਤ ਸਭ ਮਿਲੀ ਬਿਸਰਤਿ।
ਨਹਨ ਬਿਲੋ ਕਹਿਮਗੇ ਤੁਮ ਮੂਰਤਿ।
ਰਾਵਰ ਨੇ ਕਿਸ ਕੇ ਲੜ ਲਾਈ।
ਰੀਤ ਪ੍ਰਥਮ ਗੁਰੁ ਅਨਿ ਚਲਿ ਆਈ।
ਕਰਹੁ ਆਪ ਭੀ ਤਿਨਹਿ ਸਮਾਨ।
ਜਿਸ ਤੇ ਸਿਖੀ ਰਹਹਿ ਜਹਾਨ।
ਜੇ ਨਾ ਕਰਹੁਗੇ ਪੂਰਬ ਕੀ ਰੀਤ।
ਜਾਨੀ ਪਰਹਿ ਸੁ ਹੋਇ ਬਿਪਰੀਤ।
ਬਿਚਲ ਜਾਇਗੀ ਸੰਗਤ ਸਾਰੀ।
ਕੇਚਤ ਹੋਇ ਮੀਣਨਿ ਅਨੁਸਾਰੀ।
ਧੀਰ ਮਲ ਕੋ ਮਾਨਹਿ ਕੋਈ।
ਕੋ ਸਿਖ ਰਾਮ ਰਾਇ ਕੋ ਹੋਈ।
ਬਿਨ ਗੁਰ ਸੰਗਤ ਹਵੈ ਥਿਰ ਕੋਇ ਨ।
ਜਥਾ ਨ੍ਰਿਮਤ ਬਿਨ ਸੈਨਾ ਹੋਇ ਨ।

ਇਹ ਸੁਣਕੇ ਗੁਰੂ ਜੀ ਨੇ ਕਿਹਾ ਕਿ ਅਸੀਂ ਆਪਣੀ ਜਗ੍ਹਾ ਗ੍ਰੰਥ ਸਾਹਿਬ ਨੂੰ ਨਿਯੁਕਤ ਕਰਦੇ ਹਾਂ। ਤਾਂ ਅਗੋਂ ਸੋਢੀ ਗੁਰਬਖਸ਼ ਜੀ ਆਦਿਕ ਸਿਖਾਂ ਨੇ ਅਰਜ ਕੀਤੀ:-

ਜੋ ਗੁਰੂ ਗਰੰਥ ਆਪਨੇ ਭੰਨਿਓ।
ਜੋ ਸਗਰੇ ਸਿਖਨ ਹੂੰ ਸੁਨਿਓ।
ਸਿਕ ਸੋ ਹੈ ਸੋਢੀ ਅਦਿ ਸਾਰੇ।
ਬੈਠਤ ਮਾਨੀ ਗੁਰ ਹੋਇ ਭਾਰੇ।
ਯਾ ਤੇ ਸੰਗਤ ਕਿਸ ਲੜ ਲਾਵਹੁ।
ਗੁਰਤਾ ਉਚਿਤ ਜਹਿ ਲਕ ਪਾਵਹਿ।

(ਗੁਰਪ੍ਰਤਾਪ ਸੂਰਜ)

ਸਿੱਖ ਪੰਥ ਵਿਚ ਇਹ ਰਵਾਇਤ ਪ੍ਰਸਿਧ ਹੈ ਕਿ ਸਤਿਗੁਰੂ ਦਾ ਹੁਕਮ ਸਰਵ ਸਰਵੋਚ ਹੈ ਅਤੇ ਇਸ ਨੂੰ ਕਿਤੂੰ ਕਰਨਾ ਸਿਖੀ ਆਦਰਸ਼ ਅਨੁਸਾਰ ਉਚਿਤ ਨਹੀਂ। ਪਰ ਸਿਖ ਇਤਿਹਾਸ ਵਿਚ ਐਸੇ ਉਦਾਹਰਨ ਵੀ ਮਿਲਦੇ ਹਨ ਕਿ ਕਿਸੇ ਖਾਸ ਮਹੱਤਵਪੂਰਨ ਪ੍ਰਸ਼ਨ ਦਾ ਨਿਰਣਾ ਲੈਣ ਵਾਸਤੇ ਸਤਿਗੁਰੂ ਜੀ ਆਪਣੇ ਸਿਖਾਂ ਨੂੰ ਪ੍ਰੇਰਣਾ ਦੇ ਕੇ ਉਨ੍ਹਾਂ ਦਾ ਸੁਝਾਉ ਸਵੀਕਾਰ ਕਰਕੇ ਉਨ੍ਹਾਂ ਨੂੰ ਮਾਣ ਬਖਸ਼ਦੇ ਚਲੇ ਆਏ ਹਨ।

ਜਿਸ ਤਰ੍ਹਾਂ ਦਸ਼ਮੇਸ਼ ਜੀ ਨੇ ਢਿਲਵਾਂ ਵਿਖੇ ਸੋਢੀ ਕਸ ਨੂੰ ਪ੍ਰੇਰਣਾ ਦਿਤੀ ਅਤੇ ਉਨ੍ਹਾਂ ਨੂੰ ਅਰਜ ਕੀਤੀ ਕਿ ਸੱਚੇਪਾਤਸ਼ਾਹ ਇਹ ਨੀਲੇ ਵਸਤ੍ਰ, ਤੁਰਕੀ ਬਾਣਾ ਆਪ ਨੇ ਕਿਉ ਪਾਇਆ ਹੋਇਆ ਹੈ? ਉਨ੍ਹਾਂ ਦੀ ਅਰਜ ਮੰਨ ਕੇ ਸਤਿਗੁਰੂ ਜੀ ਨੇ ਉਹ ਨੀਲੇ ਵਸਤਰ ਪਾੜ ਕੇ ਲੀਰ ਲੀਰ ਕਰਕੇ ਫੂਕੇ ਅਤੇ ਨਾਲ ਹੀ ਆਸਾ ਜੀ ਦੀ ਵਾਰ ਵਿਚ ਲਿਖੀ ਹੋਈ ਤੁਕ "ਨੀਲ ਬਸਤਰ ਲੇ ਕਪੜੇ ਪਹਿਰੇ" ਦੀ ਥਾਂ ਨੀਲ ਬਸਰਤ ਲੇ ਕਪੜੇ ਫਾੜੇ ੧੦੧ ਵਾਰੀ ਪੜ੍ਹੀ। ਫਿਰ ਸੋਧੀ ਜੀ ਨੇ ਕਿਹਾ ਕਿ ਰਾਮ ਰਾਇ ਨੇ ਤੁਕ ਬਦਲੀ ਸੀ ਉਸ ਨੂੰ ਗੁਰਿਆਈ

ਨਹੀਂ ਸੀ ਮਿਲੀ ਅਤੇ ਗੁਰੁ ਹਰਿ ਰਾਇ ਜੀ ਨੇ ਮੱਥੇ ਨਹੀਂ ਸੀ ਲਾਇਆ। ਤੁਸੀਂ ਇਥੇ ਤੁਕ ਕਿਉ ਪਲਟਾਈ ਹੈ ? ਅਗੋਂ ਸਤਿਗੁਰੂ ਜੀ ਨੇ ਫਰਮਾਇਆ :-

ਗੁਰੂ ਕਹਿਓ ਹਮ ਸਰਬੰਸ ਗਾਰ।
ਤੁਕ ਪਲਟਾਈ ਹਿਤ ਉਪਕਾਰ।
ਹੇਤ ਖੁਸ਼ਾਮਦ ਸਹਿ ਢਿਗ ਜਾਈ।
ਰਾਮ ਰਾਇ ਨੇ ਤੇਕ ਪਲਟਾਈ।
ਆਦਿ ਗੁਰੁ ਨੀਲਾਂ ਬਰੀਆਂ ਕੋ।
ਅਮਲ ਕਰਾਏ ਦੀਆ ਬਰ ਬਾਂਕੋ।
ਹਮ ਪੁਸ਼ਾਕ ਨੀਲੀ ਅਬ ਜਾਰੀ।
ਤੁਰਕਨ ਕੀਹੋਂ ਜਰ੍ਹਾਂ ਉਖਾਰੀ।

(ਪੰਥ ਪ੍ਰਕਾਸ਼ ਪੂਰਬਾਰਧ ਵਿਸ਼ਰਾਮ ੩੫)

ਸਿਖ ਇਤਿਹਾਸ ਵਿਚ ਇਸ ਤਰ੍ਹਾਂ ਦੇ ਦੇ ਹੇਠ ਕਈ ਉਦਾਹਰਣ ਹਨ ਜਿਥੇ ਸਤਿਗੁਰੂ ਜੀ ਨੇ ਆਪਣੇ ਸਿਖ ਨੂੰ ਮਾਣ ਵਡਿਆਈ ਦਿਤੀ ਆਤੇ ਉਨ੍ਹਾਂ ਦੇ ਸੁਝਾਉ ਮੰਨੇ,ਸੋ ਇਥੇ ਵੀ ਸੋਢੀ ਗੁਰਬਖਸ਼ ਜੀ ਆਚਿਕ ਸਿਖਾਂ ਦੀ ਅਰਰਜ ਪ੍ਰਵਾਨ ਕੀਤੀ ਗਈ ਅਤੇ ਸਤਿਗੁਰ ਜੀ ਫਰਮਾਇਆ:। -

ਸੁਨਿ ਕਰ ਸ੍ਰੀ ਹਰਿ ਕ੍ਰਿਸ਼ਨ ਕ੍ਰਿਪਾਲਾ।
ਜਥਾ ਜੋਗ ਜਾਨੀ ਤਿਸ ਕਾਲਾ।
ਤਊ ਰੀਤਿ ਪੂਰਬ ਗੁਰ ਕੇਰੀ।
ਹਮ ਕਰੀ ਚਾਹਿਲ ਇਸ ਬੇਰੀ।
ਇਸ ਬਿਚਾਰ ਕਰ ਨਿਰਣੈ ਕਰਿਓ।

ਬੋਲੇ ਜਥਾ ਜੋਗ ਤੁਮ ਕਰਿਓ।
ਪੈਸੇ ਪੰਜ ਨਰੇਲ ਮੰਗਾਵਹੁ।
ਸਭ ਸੰਗਤ ਕੋ ਨਿਕਟ ਬਿਠਾਵਹੁ।
ਭਾਰੀ ਗੁਰ ਬਿਦ ਤਹਿ ਜਗ ਮਾਹੀ।
ਜਿਸ ਤੇ ਦੰਭੀ ਗੁਰ ਦੂਰ ਜਾਹੀ।

ਹੁਕਮ ਸੁਣ ਕੇ ਨਾਰਿਅਲ ਆਦਿ ਸਮਗਰੀਨ ਲੈ ਆਂਦੀ ਗਈ ਅਤੇ ਧਰਤ ਪਵਿਤ੍ਰ ਕਰਕੇ ਗੁਰੁ ਹਰਿ ਕ੍ਰਿਸ਼ਨ ਜੀ ਨੇ ਆਪਣਾ ਆਸਣ ਕੀਤਾ ਫਰਮਾਇਆ :-

ਹਾਥ ਜੋੜ ਪੁਨ ਬੰਦਨ ਠਾਨੀ।
ਨੇਤਰ ਉਘਾਰ ਕਹੀ ਮੁਖ ਬਾਨੀ।
ਬਾਬਾ ਬਸਹਿ ਜਿ ਗ੍ਰਾਮ ਬਕਾਲੇ।
ਬੰਨ ਗੁਰ ਸੰਗਤ ਸਰਧ ਸਮਾਲੇ।
ਇਸ ਸੁਨਾਇ ਸਭਹਿਨ ਸੋ ਕਹਿਓ।
ਸਿਖਨ ਉਰਿ ਨਿਸਚੈ ਤਬ ਲਹਿਓ।

ਉਪਰੋਕਤ ਘਟਨਾ ਤੋਂ ਦੋ ਨਿਰਣੇ ਸ਼ਪਸਟ ਹੁੰਦੇ ਹਨ। ਇਕ ਤਾਂ ਇਹ ਕਿ ਗ੍ਰੰਥ ਸਾਹਿਬ ਗਰਿਆਈ ਯੋਗ ਨਹੀਂ ਸੀ ਗੁਰਿਆਈ ਯੋਗ (ਉਚਿਤ) ਦੇਹਧਾਰੀ ਨੂੰ ਹੀ ਸੀ। ਕਿਉਕਿ ਸੋਢੀ ਗੁਰਬਖਸ਼ ਸਿੰਘ ਦੀ ਇਹ ਅਰਜ

ਜੇ ਨ ਕਰਹੁਗੇ ਪੂਰਬ ਕੀ ਰੀਤ।
ਜਾਨੀ ਪਰਹਿ ਸੁ ਹੋਇ ਬਿਪਰੀਤ।

ਬਹੁਤ ਮਹੱਤਵ ਰੱਖਦੀ ਸੀ। "ਪੂਰਬ ਕੀ ਰੀਤ" ਦੇਹ ਧਾਰੀ ਨੂੰ ਹੀ ਗੁਰੂ ਸਥਾਪਿਤ ਕਰਨਾ ਸੀ। ਦੇਹਧਾਰੀ ਗੁਰੂ ਸਤਾਪਿਤ ਕਰਨ ਤੋਂ ਬਿਨ੍ਹਾਂ ਇਹ ਰੀਤ ਬਿਪਰੀਤ ਹੁੰਦੀ ਸੀ ਸੋ ਗੁਰੂ ਹਰਿ ਕ੍ਰਿਸ਼ਨ ਜੀਨ ਨੇ ਪੰਜ ਪੈਸੇ ਅਤੇ ਨਾਰੀਅਲ ਮੰਗਵਾਕੇ :-

ਬਾਬਾ ਬਸਹਿ ਜਿ ਗ੍ਰਾਮ ਬਕਾਲੇ।
ਬੰਨ ਗੁਰ ਸੰਗਤ ਸਕਲ ਸਮਾਲੇ।

ਹੁਕਮ ਦੇ ਦਿੱਤਾ। ਇਸ ਹੁਕਮ ਤੋਂ "ਬਾਬਾ" ਤੋਨ ਸੰਕੇਤ ਸ੍ਰੀ ਗੁਰੂ ਤੇਗ ਬਹਾਦਰ ਜੀ ਵਾਸਤੇ ਸ਼ਪਸਟ ਸੀ ਪਰ ਇਸ ਦੀ ਜਾਣਕਾਰੀ ਇਕ ਪ੍ਰਕਾਰ ਦੀ ਪ੍ਰੀਖਯਾ ਨਾਲ ਹੀ ਹੋ ਸਕੀ। ਇਕ ਸਾਲ ਦੇ ਕ੍ਰੀਬ ਸਮਾਂ ਐਸੇ ਵਿਅਕਤੀਆਂ ਨੂੰ ਮਿਲ ਹੀ ਗਿਆ ਜਿੰਨ੍ਹਾਂ ਨੇ ਆਪਣੀਆਂ ਆਪਣੀਆਂ ਗੱਦੀਆਂ ਚਲਾਈਆਂ। ਇਸ ਵਿਚ ਕੋਈ ਸੰਦੇਹ ਨਹੀਂ ਸੀ ਕਿ ਜਗ੍ਹਾ ਦਾ ਨਾਮ "ਬਕਾਲਾ" ਤਾਂ ਸਭ ਨੇ ਸੁਣ ਤੇ ਸਮਝ ਲਿਆ ਸੀ। ਪਰ "ਬਾਬਾ" ਤੋਂ ਨਹੀਂ ਸਮਝ ਸਕੇ ਸਨ। ਭਾਂਵੇਂ ਗੁਰੂ ਤੇਗ ਬਹਾਦਰ ਕਿੰਨੇ ਸਮੇਂ ਤੋਂ ਕਠਿਨ ਤਪਸਯਾ ਕਰਦੇ ਚਲੇ ਆ ਰਹੇ ਸਨ। ਪਰ ਗੁਰੂ ਸ਼ਕਤੀ ਉ੍ਹਾਂ ਵਿਚ ਗੁਰੂ ਹਰਿ ਕ੍ਰਿਸ਼ਨ ਜੀ ਦੇ ਵਾਕ ਨਾਲ ਹੀ ਆਈ। ਬਕਾਲੇ ਦਾ ਨਾਮ ਸੁਣ ਕੇ ਤਾਂ ਕਈ ਗੱਦੀਆਂ ਲਾ ਕੇ ਬੈਠ ਗਏ ਸਨ। ਗਿਆਨੀ ਗਿਆਨ ਸਿੰਘ ਜੀ ਲਿਖਦੇ ਸਨ :-

ਧੀਰਮਲ ਲਾ ਸੋਢੀ ਬਾਈ।
ਇਕ ਇਕ ਸਤਿਗੁਰ ਬਨਿਓ ਚਹਾਈ।
ਅਜਮਤ ਜਰਾ ਨ ਥੀ ਕਿਸ ਪੈ ਹੈ।
ਫੂਸੀ ਬੜੇ ਪਕਾਵਨ ਚੈ ਹੈਂ।

ਮੈਕਾਲਿਫ (ਅੰਗਰੇਜ ਲੇਖਕ) ਨੇ ਗ੍ਰੰਥ ਸਹਿਬ ਨੂੰ ਗੁਰੂ ਮੰਨਣ ਵਾਲੇ ਸਿਖਾਂ ਦੀ ਪ੍ਰੇਰਣਾ ਅਤੇ ਅਗਵਾਈ ਨਾਲ "ਸਿਕ ਰਿਲੀਜਨ" (ਸਿਖ ਧਰਮਾਂ) ਨਾਮ ਦੀ ਕਿਤਾਬ ਲਿਖੀ। ਪਰ ਉਸ ਨੇ ਵੀ ਇਹ ਮੰਨਿਆ ਹੈ ਕਿ ਸਾਨੂੰ ਆਪਣੇ ਵਰਗਾ (ਭਾਵ, ਦੇਹਧਾਰੀ) ਗੁਰੂ ਦਿਓ।

ਦੂਸਰਾ ਨਿਰਣਾ "ਗੁਰੂ ਵਾਕ ਦੀ ਸ਼ਕਤੀ" ਸ਼ਪਸਟ ਸੀ। ਭਾਵੇਂ ਕਿਤਨਿਆਂ ਨੇ ਹੀ ਆਪਣੇ ਆਪ ਨੂੰ ਗੁਰੂ ਕਹੌਣ ਦਾ ਯਤਨ ਕੀਤਾ। ਦੂਜੇ ਵਿਅਕਤਿਆਂ ਤੋਂ ਬਿਨ੍ਹਾਂ ਧਰਿਮਲ ਉਹ ਵਿਅਕਤੀ ਸੀ ਜਿਸ ਨੇ ਗਰੰਥ ਸਾਹਿਬ ਦੀ ਬੀੜ ਗੁਰਗੱਦੀ ਦੀ ਵਰਾਸਤ ਮੰਨ ਕੇ ਆਪਣੇ ਪਾਸ ਰੱਖੀ ਹੋਈ ਸੀ। ਉਹ ਗੁਰੂ ਹਰਿ ਕ੍ਰਿਸ਼ਨ ਜੀ ਦੇ ਬਾਬੇ ਦੀ ਥਾਂ ਨਹੀਂ ਸੀ। ਗੁਰੂ ਜੀ ਨੇ "ਬਾਬਾ" ਕਹਿ ਦਿਤਾ ਸੀ ਸੋ ਗਰੰਥ ਸਾਹਿਬ ਦੀ ਬੀੜ ਪਾਸ ਰੱਖਣ ਦਾ ਕੋਈ ਮਹਤਵ ਨਹੀਂ ਸੀ। ਕਿਉਂਕਿ ਸ਼ਕਤੀ ਤਾਂ ਗੁਰੂ ਵਾਕ ਦੀ ਹੈ। ਬਾਬਾ ਤਾਂ ਗੁਰੂ ਤੇਗ ਬਹਾਦਰ ਜੀ ਲੱਗਦੇ ਸਨ। ਸੋ ਗੁਰੂ ਹਰਿ ਕ੍ਰਿਸ਼ਨ ਜੀ ਦਾ ਬਚਨ ਹੋਣ ਤੇ ਕ੍ਰੀਬ ੧ ਸਾਲ ਬਾਦ ਮੱਖਣ ਸ਼ਾਹ ਲੁਬਾਣੇ ਨੇ ਸਰੀ ਗੁਰੂ ਤੇਗ ਬਹਾਦਰ ਜੀ ਦੇ (ਪ੍ਰੀਖਿਆ ਲੈ ਕੇ) ਪ੍ਰਗਟ ਹੋਣ ਦਾ ਹੋਕਾ ਦਿਤਾ। ਗੁਰੂ ਹਰਿ ਕ੍ਰਿਸ਼ਨ ਜੀ ਦੇਹ ਕਰਕੇ ਬਾਲ ਅਵਸਥਾ ਵਿਚ ਰਹੇ ਪਰ ਈਸ਼ਵਰੀ ਸ਼ਕਤੀ ਹੋਣ ਉਨ੍ਹਾਂ ਦੇ ਸੰਕੇਤ ਦੂਸਰੇ ਗੁਰੂਆਂ ਨਾਲੋਂ ਘੱਟ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਹਰਿ ਕ੍ਰਿਸ਼ਨ ਜੀ ਦੀ ਉਪਮਾ ਵਿਚ ਲਿਖ ਦਿਤਾ ਹੈ 'ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖ ਜਾਇ'।